Clinical Prevention Services
Provincial STI/HIV Clinic
655 West 12th Avenue
Vancouver, BC V5Z 4R4
Tel 604.707.5600
Fax 604.707.5604
www.bccdc.ca
www.SmartSexResource.com

# ਮੈਟ੍ਰੋਨਿਡਾਜ਼ੋਲ
# Metronidazole

ਮੈਟ੍ਰੋਨਿਡਾਜ਼ੋਲ ਇੱਕ ਐਂਟੀਬਾਇਓਟਿਕ ਹੈ ਜਿਸ ਨੂੰ **ਬੈਕਟੀਰੀਅਲ ਵੈਜੀਨੋਸਿਸ (ਬੀ.ਵੀ.)** ਜਾਂ ਜਿਨਸੀ ਸੰਬੰਧਾਂ ਕਾਰਣ ਹੋਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.) ਜਿਵੇਂ ਕਿ ਟ੍ਰਾਈਕੋਮੋਨਿਐਸਿਸ ਦੇ ਇਲਾਜ ਵਾਸਤੇ ਮੂੰਹ ਰਾਹੀਂ ਲਿਆ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ ਆਪਣੇ **ਮੈਟ੍ਰੋਨਿਡਾਜ਼ੋਲ** (Flagyl® – ਫਲੈਗਿਲ) ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਤੋਂ ਬਾਅਦ ਹੋ ਸਕਦਾ ਹੈ ਕਿ ਮੈਟ੍ਰੋਨਿਡਾਜ਼ੋਲ ਨੂੰ ਗਰਭਕਾਲ ਦੀ ਪਹਿਲੀ ਤਿਮਾਹੀ (ਪਹਿਲੇ ਤਿੰਨ ਮਹੀਨੇ), ਅਤੇ ਦੂਜੀ ਅਤੇ ਤੀਜੀ ਤਿਮਾਹੀ ਦੌਰਾਨ ਇਸਤੇਮਾਲ ਕੀਤਾ ਜਾ ਸਕੇ।
- ਬੱਚੇ ਨੂੰ ਦੱਧ ਚੁੰਘਾਉਣ ਦੌਰਾਨ ਮੈਟ੍ਰੋਨਿਡਾਜ਼ੋਲ ਇਸਤੇਮਾਲ ਕੀਤੀ ਜਾ ਸਕਦੀ ਹੈ ਪਰ ਇਹ ਤਜਵੀਜ਼ ਕੀਤੀ ਖ਼ੁਰਾਕ ਉੱਪਰ ਨਿਰਭਰ ਕਰਦਾ ਹੈ। ਜੇ ਤੁਹਾਡੇ ਵਾਸਤੇ ਮੈਟ੍ਰੋਨਿਡਾਜ਼ੋਲ ਦੀ 2 ਗ੍ਰਾਮ ਦੀ ਸਿੰਗਲ ਖ਼ੁਰਾਕ ਤਜਵੀਜ਼ ਕੀਤੀ ਗਈ ਹੈ ਤਾਂ ਦਵਾਈ ਦੀ ਖ਼ੁਰਾਕ ਲੈਣ ਤੋਂ ਬਾਅਦ 12-24 ਘੰਟੇ ਤਕ ਪੰਪ ਦੀ ਵਰਤੋਂ ਕਰਕੇ ਛਾਤੀ ਵਿੱਚੋਂ ਦੁੱਧ ਕੱਢੋ ਅਤੇ ਸੁੱਟ ਦਿਓ ਤਾਂ ਕਿ ਦਵਾਈ ਤੁਹਾਡੇ ਸਰੀਰ ਵਿੱਚੋਂ ਨਿਕਲ ਜਾਵੇ।

## ਸਾਵਧਾਨੀ (CAUTION)

- **ਜੇ ਤੁਹਾਨੂੰ ਜਿਗਰ, ਖ਼ੂਨ, ਜਾਂ ਮਾਨਸਿਕ/ਦਿਮਾਗੀ ਵਿਗਾੜ ਹੈ ਤਾਂ ਆਪਣੇ ਸਿਹਤ ਸੰਭਾਲ ਵਾਲੇ ਨੂੰ ਦੱਸੋ।**
- **ਖ਼ੁਰਾਕ ਲੈਣ ਤੋਂ 12 ਘੰਟੇ ਪਹਿਲਾਂ, ਟ੍ਰੀਟਮੈਂਟ ਦੌਰਾਨ, ਅਤੇ ਖ਼ੁਰਾਕ ਲੈਣ ਮਗਰੋਂ 24-48 ਘੰਟੇ ਤਕ ਸ਼ਰਾਬ ਨਾ ਪੀਓ ਅਤੇ ਉਹ ਦਵਾਈਆਂ ਵੀ ਨਾ ਲਓ ਜਿਨ੍ਹਾਂ ਵਿੱਚ ਅਲਕੋਹਲ ਹੁੰਦੀ ਹੈ (ਜਿਵੇਂ ਕਿ Nyquil® – ਨਾਇਕਵਿਲ) ਤਾਂ ਕਿ ਕੋਈ ਮਾੜੇ ਪ੍ਰਭਾਵ ਨਾ ਪੈਣ** (ਫ਼ਲੱਸ਼ਿੰਗ, ਸਿਰਦਰਦ, ਦਿਲ ਕੱਚਾ ਹੋਣਾ, ਉਲਟੀਆਂ, ਕੜਵੱਲ, ਬਹੁਤ ਤੇਜ਼ ਅਤੇ ਅਨਿਯਮਿਤ ਦਿਲ ਦੀ ਧੜਕਣ, ਬੇਹੋਸ਼ ਹੋਣਾ)।
- **ਜੇ ਤੁਹਾਨੂੰ ਪਹਿਲਾਂ ਤੋਂ ਹੀ ਹਿਰਦੇ ਸੰਬੰਧੀ ਕੋਈ ਸਮੱਸਿਆ ਜਾਂ ਐਰੀਥੀਮੀਆ (ਦਿਲ ਦੀ ਧੜਕਣ ਵਿੱਚ ਬੇਨੇਮੀ) ਹੈ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।**
- **ਮੈਟ੍ਰੋਨਿਡਾਜ਼ੋਲ ਲੈਂਦੇ ਹੋਏ ਹੇਠ ਲਿਖੀਆਂ ਦਵਾਈਆਂ ਨਾ ਲਓ:**
  - **ਐਂਟੀਅਰਿਥਮਿਕ:** ਡਰੋਨੇਡਰੋਨ (Multaq® - ਮੁਲਟਾਕ)
  - **ਐਂਟੀਸਾਇਕੋਟਿਕ:** ਪੀਮੋਜ਼ਾਈਡ (Orap® - ਓਰੈਪ), ਜ਼ਿਪਰਾਸਿਡੋਨ (Zeldox® - ਜ਼ੈਲਡੋਕਸ)
  - **ਸ਼ਰਾਬ ਲਈ ਟ੍ਰੀਟਮੈਂਟ:** ਡਾਇਸੁਲਫ਼ਿਰੈਮ (Antabuse® - ਐਂਟਾਬਿਊਸ)
  - **ਐੱਚ.ਆਈ.ਵੀ. ਦੀ ਦਵਾਈ: ਆਈਓਪਨਾਵੀਰ (ਕਲੇਟਰਾ–** Kaletra®**) ਮੂੰਹ ਰਾਹੀਂ ਪੀਣ ਲਈ, ਟਿਪਰਾਂਵੀਰ (ਐਪਟੀਵਸ–** Aptivus)
  - **ਪੈਰਾਸੀਟਿਕ ਵੌਰਮ ਟ੍ਰੀਟਮੈਂਟ:** ਮੈਬੈਂਡਾਜ਼ੋਲ (Vermox® - ਵਰਮੌਕਸ)
  - **ਮੂੰਹ ਰਾਹੀਂ ਲਈ ਜਾਣ ਵਾਲੀ ਟਾਈਫ਼ਾਇਡ ਵੈਕਸੀਨ** (ਵੀਵੋਟਿਫ਼ - Vivotif®)
- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।



Provincial Health Services Authority
Province-wide solutions. Better health.
Punjabi
*A research and teaching centre affiliated with UBC*

# ਮੈਟ੍ਰੋਨਿਡਾਜ਼ੋਲ (ਚਲਦਾ)
# Metronidazole (cont'd)

## ਮਾੜੇ ਪ੍ਰਭਾਵ (Side Effects)

- ਤੁਹਾਨੂੰ ਦਸਤ ਲੱਗ ਸਕਦੇ ਹਨ, ਤੁਹਾਡਾ ਜੀਅ ਕੱਚਾ ਹੋ ਸਕਦਾ ਹੈ, ਤੁਹਾਡੇ ਢਿੱਡ ਵਿੱਚ ਦਰਦ ਹੋ ਸਕਦਾ ਹੈ, ਤੁਹਾਨੂੰ ਉਲਟੀਆਂ ਆ ਸਕਦੀਆਂ ਹਨ, ਬਦਹਜ਼ਮੀ ਹੋ ਸਕਦੀ ਹੈ, ਮੂੰਹ ਵਿੱਚ ਧਾਤ ਵਰਗਾ ਅਣਸੁਖਾਵਾਂ ਸਵਾਦ ਮਹਿਸੂਸ ਹੋ ਸਕਦਾ ਹੈ, ਪਿਸ਼ਾਬ ਦਾ ਰੰਗ ਗੂੜ੍ਹਾ ਹੋ ਸਕਦਾ ਹੈ।
- ਜੇ ਤੁਹਾਨੂੰ ਚੰਦਲ ਪੈਣ, ਉਲਝਣ, ਚੱਕਰ ਆਉਣੇ, ਸਿਰਦਰਦ, ਕਮਜ਼ੋਰੀ, ਸੁੰਨ ਹੋਣਾ, ਅੰਗਾਂ ਦੇ ਅੰਤ ਵਿਚ ਦਰਦ ਜਾਂ ਨਿਗ੍ਹਾ ਸੰਬੰਧੀ ਥੋੜ੍ਹਾ ਚਿਰ ਰਹਿਣ ਵਾਲੀਆਂ ਸਮੱਸਿਆਵਾਂ ਹੋਣ ਤਾਂ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ ਅਤੇ ਗੱਡੀ ਜਾਂ ਕੋਈ ਮਸ਼ੀਨ ਨਾ ਚਲਾਓ।
- ਜੇ ਤੁਹਾਨੂੰ ਕੋਈ ਐਲਰਜੀ ਜਾਂ ਚਮੜੀ ਉੱਪਰ ਕੋਈ ਰੀਐਕਸ਼ਨ ਹੋ ਜਾਵੇ ਤਾਂ ਤੁਰੰਤ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਦਵਾਈ ਲੈਣ ਲਈ ਹਿਦਾਇਤਾਂ (Instructions for Taking)

- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ ਮੈਟ੍ਰੋਨਿਡਾਜ਼ੋਲ ਨੂੰ ਭੋਜਨ ਨਾਲ ਲਓ।
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਖੁੰਝਾ ਦਿਓ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲਓ। ਪਰ, ਜੇ ਤੁਹਾਡੀ ਦਵਾਈ ਦੀ ਅਗਲੀ ਖ਼ੁਰਾਕ ਦਾ ਸਮਾਂ ਨੇੜੇ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਤੈਅ ਸਮਿਆਂ ਮੁਤਾਬਕ ਦਵਾਈ ਲੈਣੀ ਜਾਰੀ ਰੱਖੋ। ਦੁੱਗਣੀ ਖ਼ੁਰਾਕ ਨਾ ਲਓ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

**ਬੈਕਟੀਰੀਅਲ ਵੈਜੀਨੌਸਿਸ ਦੇ ਇਲਾਜ :ਟ੍ਰੀਟਮੈਂਟ ਲਈ ਲੈ ਰਹੇ ਹੋ:**

- ਜੇ ਤੁਸੀਂ ਇੱਕ ਔਰਤ ਹੋ ਅਤੇ ਤੁਹਾਡੇ ਸਰੀਰਕ ਸੰਬੰਧ ਔਰਤਾਂ ਨਾਲ ਹੀ ਹਨ ਤਾਂ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਬੈਕਟੀਰੀਅਲ ਵੈਜੀਨੌਸਿਸ ਲਈ ਤੁਹਾਡੀਆਂ ਸਾਥਣ/ਸਾਥਣਾਂ ਦਾ ਵੀ ਟੈਸਟ ਕੀਤਾ ਜਾਵੇ ਅਤੇ ਜੇ ਨਤੀਜੇ ਪਾਜ਼ੀਟਿਵ (ਹਾਂ-ਪੱਖੀ) ਆਉਣ ਤਾਂ ਉਨ੍ਹਾਂ ਦਾ ਇਲਾਜ ਕੀਤਾ ਜਾਵੇ।

**ਟ੍ਰਾਈਕੋਮੋਨਿਐਸਿਸ ਦਾ ਇਲਾਜ :**

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡੇ ਇੱਕ-ਖ਼ੁਰਾਕ ਵਾਲੇ ਟ੍ਰੀਟਮੈਂਟ ਨੂੰ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ 7 ਦਿਨ ਚੱਲਣ ਵਾਲਾ ਤੁਹਾਡਾ ਟ੍ਰੀਟਮੈਂਟ ਮੁਕੰਮਲ ਨਹੀਂ ਹੋ ਜਾਂਦਾ, ਅਤੇ
  - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਵੀ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦਾ ਟ੍ਰੀਟਮੈਂਟ ਸ਼ੁਰੂ ਹੋਏ ਨੂੰ ਇੱਕ ਹਫ਼ਤਾ ਹੋ ਚੁੱਕਾ ਹੈ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*